ੴ ਸਤਿਗੁਰ ਪ੍ਰਸਾਦਿ।।

# ਗੁਰਦੁਆਰਾ ਹਰਿਚਰਣ ਕਮਲ ਸਾਹਿਬ

ਫੇਜ਼ 10, ਸੈਕਟਰ 64, ਐਸ. ਏ. ਐਸ. ਨਗਰ, ਮੋਹਾਲੀ। ਫੋਨ 0172-3557628

No/GHKS/2025/316-400 Dated: 01.09.2025

## BAL GURMAT SAMAGAM 2025

Respected Principal Sir/Ma'am/Parents,

In commemoration with the inauguration of 26th anniversary of Gurdwara Harcharan Kamal Sahib, Phase 10, SAS Nagar, Mohali Bal Gurmat Samagams for students are being held in the Gurdwara Sahib Complex this year also. ***This year the progam is specifically dedicated to the 350th merterydem day of Sri Guru Teg Bahadur Sahib, Bhai Mati Dass, Bhai Sati Dass and Bhai Diala ji.***

2. Participation in these programmes would help in enlightening their souls besides contributing in the development of their personality and building confidence in them.

3. The application forms should only be filled online, for which one can visit the website of Gurdwara Sahib, which is www.ghksmohali.com or you may directly approach the online application registration form through internet website link – https://forms.gle/bgh95djkJFeiJr2i8 which can be filled on or before 25.09.2025 (Upto 8.00PM). Information relating to these Samagams will be shared at Gurdwara Sahib whatsapp groups also.

4. Accordingly, we humbly request you to send entries of your students/ kids with full preparation & firm determination. Five topper positions will be given attractive prizes and all participants will also be honoured.

Yours Sincerely,

General Secretary,
Gurdwara Harcharan Kamal Sahib,
Phase 10, SAS Nagar (Mohali)

DA : Brochure containing Syllabus, Dates of Competitions,
Rules and conditions & allied information.

## 1. (ੳ) ਬਾਲ ਉਤਸਾਹਿਤ ਸਮਾਗਮ ਲਈ ਗਰੁੱਪ ਅਤੇ ਉਹਨਾਂ ਦਾ ਸਿਲੇਬਸ :-

| ਗਰੁੱਪ ਨੰ: | ਕਲਾਸ | ਗੁਰਬਾਣੀ ਕੰਠ ਸਿਲੇਬਸ | ਕਵਿਤਾ ਦਾ ਵਿਸ਼ਾ | ਲੈਕਚਰ/ ਪਾਵਰ ਪੁਆਇੰਟ ਪ੍ਰੀਜੈਂਟੇਸ਼ਨ ਲਈ ਵਿਸ਼ਾ | ਪ੍ਰਸਨੋਤਰੀ ਸਿਲੇਬਸ (ਕਿਤਾਬਾਂ ਦੇ ਨਾਮ ਅਤੇ ਇਹਨਾਂ ਦੀ ਉਪਲਬਧਤਾ ਕਿਥੋ ਹੋਵੇਗੀ, ਇਸ ਟੇਬਲ ਦੇ ਹੇਠਾਂ ਲਿਖਿਆ ਹੈ) | ਪੰਜਾਬੀ ਭਾਸ਼ਾ ਦਾ ਗਿਆਨ – ਹੇਠ ਲਿਖੇ ਸਿਲੇਬਸ ਵਿੱਚੋਂ ਪੁੱਛਿਆ/ ਲਿਖਵਾਇਆ ਜਾਵੇਗਾ। |
|---|---|---|---|---|---|---|
| 1.ਏ | 0-3 ਸਾਲ | ਮੂਲਮੰਤਰ, ਜਪੁਜੀ ਸਾਹਿਬ ਦਾ ਪਹਿਲਾ ਸਲੋਕ ਅਤੇ ਪਹਿਲੀ ਪਉੜੀ, ਕੋਈ ਇੱਕ ਸ਼ਬਦ | ਦਸ ਗੁਰੂ ਸਾਹਿਬਾਨਾਂ ਨਾਲ ਸਬੰਧਤ ਕੋਈ ਵੀ ਕਵਿਤਾ | - | ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ (ਭਾਗ 1) ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ 30 ਪ੍ਰਸ਼ਨ + ਕਿਤਾਬ (ਭਾਗ 2) ਦੇ ਪਹਿਲੇ 10 ਖਾਲਸਾਈ ਬੋਲੇ | - |
| 1.ਬੀ | ਕੇ.ਜੀ. ਤੱਕ | ਜਪੁਜੀ ਸਾਹਿਬ - ਪਹਿਲੀਆਂ 3 ਪਉੜੀਆਂ ਅਤੇ ਕੋਈ ਦੋ ਸ਼ਬਦ | | | | |
| 2. | 1-2 | ਜਪੁਜੀ ਸਾਹਿਬ-ਪਹਿਲੀਆਂ 7 ਪਉੜੀਆਂ ਅਤੇ ਸੋਹਿਲਾ ਸਾਹਿਬ ਦਾ ਪਹਿਲਾ ਸ਼ਬਦ। | ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਬਾਣੀ, ਯਾਤਰਾਵਾਂ, ਸ਼ਹੀਦੀ ਅਤੇ ਸਿੱਖਿਆਵਾਂ ਸਬੰਧੀ ਗੁਰਮਤਿ ਅਨੁਸਾਰੀ ਕੋਈ ਵੀ ਕਵਿਤਾ | ਬਾਲ ਲੀਲਾ ਗੁਰੂ ਤੇਗ ਬਹਾਦਰ ਸਾਹਿਬ ਜੀ | ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ (ਭਾਗ 1) ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ 50 ਪ੍ਰਸ਼ਨ + ਕਿਤਾਬ (ਭਾਗ 2) ਦੇ ਪਹਿਲੇ 20 ਖਾਲਸਾਈ ਬੋਲੇ | ਬੱਚਿਆਂ ਵੱਲੋਂ ਪੰਜਾਬੀ ਪੈਂਤੀ ਦੀਆਂ ਪਹਿਲੀਆਂ ਤਿੰਨ ਲਾਈਨਾਂ ੳ ਤੋਂ ਹ, ਕ ਤੋਂ ਙ ਅਤੇ ਚ ਤੋਂ ਞ ਤੱਕ - ਕਿਤਾਬ ਅੱਖਰ ਬੋਧ ਪੰਨਾ 5 ਤੋਂ 19 ਤੇ ਲਿਖੇ ਅੱਖਰਾਂ ਦੀ ਪਛਾਣ ਦੱਸਣੀ ਹੈ। |
| 3. | 3-4 | ਜਪੁਜੀ ਸਾਹਿਬ -ਪਹਿਲੀਆਂ 16 ਪਉੜੀਆਂ ਅਤੇ ਸੋਹਿਲਾ ਸਾਹਿਬ ਦੇ ਪਹਿਲੇ ਦੋ ਸ਼ਬਦ। | | ਗੁਰੂ ਲਾਧੋ ਰੇ | ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ (ਭਾਗ 1) ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ 70 ਪ੍ਰਸ਼ਨ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਸਬੰਧੀ ਪਹਿਲੇ 25 ਪ੍ਰਸ਼ਨ | ਬੱਚਿਆਂ ਵੱਲੋਂ ਤਿੰਨ ਤੋਂ ਚਾਰ ਅੱਖਰਾਂ ਵਾਲੇ ਸ਼ਬਦ ਕਿਤਾਬ ਅੱਖਰ ਬੋਧ ਪੰਨਾ 5 ਤੋਂ 19 ਵਿੱਚੋਂ ਪੜ੍ਹਨੇ ਹਨ। ਇਨਾਂ ਵਿੱਚ ਮਾਤਰਾ ਦੀ ਪਛਾਣ ਕਰਨੀ ਹੈ। ਉਚਾਰਨ ਦੇਖਿਆ ਜਾਵੇਗਾ। |
| 4. | 5-6 | ਜਪੁਜੀ ਸਾਹਿਬ ਪਹਿਲੀਆਂ 25 ਪਉੜੀਆਂ, ਸੋਹਿਲਾ ਸਾਹਿਬ ਦੇ ਪਹਿਲੇ 3 ਸ਼ਬਦ। | | ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਵਿੱਚੋ ਕਿਸੇ ਇੱਕ ਦੀ ਜੀਵਨ ਗਾਥਾ | ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ (ਭਾਗ 2) ਵਿੱਚੋਂ ਜਨਮ ਤੋਂ ਸੁਲਤਾਨਪੁਰ ਲੋਧੀ, ਪਹਿਲਾ ਪ੍ਰਚਾਰ ਦੌਰਾ, ਜਪੁਜੀ ਸਾਹਿਬ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਸਬੰਧੀ ਪਹਿਲੇ 50 ਪ੍ਰਸ਼ਨ | (1) ਬੱਚਿਆਂ ਵੱਲੋਂ 50 ਸ਼ਬਦਾਂ ਦਾ ਅਣਡਿੱਠਾ ਪੈਰ੍ਹਾ ਪੜ੍ਹਨਾਂ ਹੈ। (2) ਕਿਤਾਬ ਅੱਖਰ ਬੋਧ ਪੰਨਾ 5-19 ਤੇ ਲਿਖੇ ਸਾਰੇ ਸ਼ਬਦ ਪੜ੍ਹਾਏ ਜਾਣਗੇ। ਇਨ੍ਹਾਂ ਵਿੱਚ ਮਾਤਰਾ ਦੀ ਆਵਾਜ ਦੱਸਣੀ ਹੈ। |
| 5. | 7-8 | ਜਪੁਜੀ ਸਾਹਿਬ ਪੂਰਾ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ। | | ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਅਤੇ ਬਾਣੀ ਰਚਨਾ | ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ (ਭਾਗ 2) ਵਿੱਚੋਂ ਗੁਰੂ ਨਾਨਕ ਪਾਤਸ਼ਾਹ, ਜਪੁਜੀ ਸਾਹਿਬ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਸਬੰਧੀ ਪਹਿਲੇ 75 ਪ੍ਰਸ਼ਨ | (1) ਬੱਚਿਆਂ ਤੋਂ 100 ਸ਼ਬਦਾਂ ਦਾ ਅਣਡਿੱਠਾ ਪੈਰ੍ਹਾ ਲਿਖਵਾ ਕੇ ਦੇਖਿਆ ਜਾਵੇਗਾ। ਮਾਤਰਾਵਾਂ ਦਾ ਖਿਆਲ ਰੱਖਣਾ ਹੈ। (2) ਅੱਠ ਦਿਸ਼ਾਵਾਂ ਦੇ ਪੰਜਾਬੀ ਵਿੱਚ ਨਾਮ ਲਿਖੋ। |
| 6-ਏ | 9-10 | ਜਪੁਜੀ ਸਾਹਿਬ, ਜਾਪੁ ਸਾਹਿਬ, ਸਵਯੈ, ਚੌਪਈ, ਅਨੰਦ ਸਾਹਿਬ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ। | | ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਿੱਖਿਆਵਾਂ (ਜਾਂ) ਧਰਮ ਹੇਤ ਸਾਕਾ ਜਿਨ ਕੀਆ | ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ (ਭਾਗ 2) ਵਿੱਚੋਂ ਜਪੁਜੀ ਸਾਹਿਬ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ, ਆਸਾ ਕੀ ਵਾਰ, ਸਿੱਧ ਗੋਸਟਿ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਸਬੰਧੀ ਪਹਿਲੇ 100 ਪ੍ਰਸ਼ਨ | (1) ਬੱਚਿਆਂ ਤੋਂ 150 ਸ਼ਬਦਾਂ ਦਾ ਅਣਡਿੱਠਾ ਪੈਰ੍ਹਾ ਲਿਖਵਾ ਕੇ ਦੇਖਿਆ ਜਾਵੇਗਾ। ਮਾਤਰਾਵਾਂ ਦਾ ਖਿਆਲ ਰੱਖਣਾ ਹੈ। (2) ਦੇਸੀ ਮਹੀਨਿਆਂ ਦੇ ਨਾਮ ਤਰਬਤੀਬਵਾਰ ਪੰਜਾਬੀ ਵਿੱਚ ਲਿਖੋ। |
| 6-ਬੀ | +1 ਅਤੇ +2 | | | | | |

(ਅ) **ਵਧੀਕ ਬਾਣੀਆਂ:** ਗੁਰਬਾਣੀ ਕੰਠ ਵਿੱਚ 50% ਤੋਂ ਵੱਧ ਨੰਬਰ ਪ੍ਰਾਪਤ ਕਰਨ ਵਾਲੇ ਬੱਚੇ ਹੀ ਵਧੀਕ ਬਾਣੀਆਂ ਸੁਣਾ ਸਕਣਗੇ। ਇਸ ਵਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਰਚਿਤ ਮੁਕੰਮਲ ਬਾਣੀ ਸੁਣੀ ਜਾਵੇਗੀ ਅਤੇ ਜਿਸ ਬੱਚੇ ਵੱਲੋਂ ਜਿੰਨੀ ਬਾਣੀ ਸੁਣਾਈ ਜਾਵੇਗੀ, ਉਸ ਅਨੁਸਾਰ ਹੀ ਉਸਨੂੰ ਸਨਮਾਨਿਤ ਕੀਤਾ ਜਾਵੇਗਾ।

(ੲ) **ਸ਼ਬਦ ਵੀਚਾਰ** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਕੀਤੀ ਜਾਵੇਗੀ। ਇਸ ਲਈ ਗੁਰਬਾਣੀ ਵਿੱਚੋਂ ਕੋਈ ਵੀ ਇੱਕ ਸ਼ਬਦ ਲਿਆ ਜਾ ਸਕਦਾ ਹੈ। ਵਿਚਾਰ ਵਿੱਚ ਪ੍ਰਮਾਣ ਕੇਵਲ ਗੁਰਬਾਣੀ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਵਿੱਚੋਂ ਹੀ ਹੋ ਸਕਦੇ ਹਨ। ਸ਼ਬਦ ਵਿਚਾਰ ਦੀ ਤਿਆਰੀ ਕਰਨ ਲਈ ਸਿੱਖ ਮਿਸ਼ਨਰੀ ਕਾਲਜ ਦੀ ਕਿਤਾਬ **ਚੋਣਵੇਂ ਸ਼ਬਦਾਂ ਦੀ ਵਿਆਖਿਆ** ਵਿੱਚੋਂ ਸਹਾਇਤਾ ਲਈ ਜਾ ਸਕਦੀ ਹੈ। ਤਾਬਿਆ ਬੈਠ ਕੇ ਵਿਚਾਰ ਕਰਨ ਵੇਲੇ ਗੁਰੂ ਸਾਹਿਬ ਜੀ ਦੇ ਸਤਿਕਾਰ ਦਾ ਵਿਸ਼ੇਸ ਖਿਆਲ ਰੱਖਿਆ ਜਾਣਾ ਜਰੂਰੀ ਹੈ।

(ਸ) **ਵਾਰਤਾਲਾਪ** ਦਾ ਵਿਸ਼ਾ ਸਾਰੇ ਗਰੁੱਪਾਂ ਲਈ ਇਸ ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਇਤਿਹਾਸ, ਸਿਧਾਂਤਾਂ/ ਸਿੱਖਿਆਵਾਂ ਜਾਂ ਉਹਨਾਂ ਦੀ ਰਚਿਤ ਗੁਰਬਾਣੀ ਤੇ ਆਧਾਰਤ ਹੋਣਾ ਚਾਹੀਦਾ ਹੈ।

(ਹ) **ਲੈਕਚਰ, ਪੀ.ਪੀ.ਟੀ., ਪ੍ਰਸ਼ੋਨਤਰੀ ਅਤੇ ਪੰਜਾਬੀ ਭਾਸ਼ਾ ਦੇ ਗਿਆਨ ਲਈ ਕਿਤਾਬਾਂ**:- ਦੋ ਕਿਤਾਬਾਂ **ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ਭਾਗ** 1 ਤੇ **ਭਾਗ 2** ਅਤੇ **ਅੱਖਰ ਬੋਧ** ਗੁਰਦੁਆਰਾ ਹਰਿਚਰਣ ਕਮਲ ਸਾਹਿਬ ਫੇਜ਼ 10 ਮੋਹਾਲੀ ਦੇ ਦਫ਼ਤਰ ਤੋਂ ਸ਼ਾਮ ਦੇ ਸਮੇਂ ਕਿਸੇ ਵੇਲੇ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।**ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ – 100 ਸਵਾਲ** – ਪ੍ਰਸ਼ਨ/ਉਤਰ ਦੀ ਕਿਤਾਬ ਪੀ.ਡੀ.ਐਫ. ਵਜੋਂ ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

(ਕ) **ਸਮਾਗਮਾਂ** ਦੀ ਤਿਆਰੀ ਲਈ ਬੱਚੇ Sikh Missionary College Official Youtube Chennel ਤੋਂ ਸੇਧ ਲੈ ਸਕਦੇ ਹਨ।

## 2. ਬਾਲ ਉਤਸਾਹਿਤ ਸਮਾਗਮ ਦੇ ਨਾਮ ਤੇ ਇਹਨਾਂ ਲਈ ਤਾਰੀਖਾਂ ਅਤੇ ਸਮਾਂ:-

| ਲੜੀ ਨੰ: | ਤਾਰੀਖ | ਦਿਨ | ਮੁਕਾਬਲਾ | ਸਮਾਂ | ਵਿਸ਼ੇਸ਼ ਕਥਨ |
|---|---|---|---|---|---|
| 1. | 27.09.2025 | ਸ਼ਨਿੱਚਰਵਾਰ | ਕਵਿਤਾ | ਦੁਪਹਿਰ 2.30 ਤੋਂ 8.30 | ਸਾਰੇ ਗਰੁੱਪ |
| 2. | 28.09.2025 | ਐਤਵਾਰ | ਕੀਰਤਨ | ਦੁਪਹਿਰ 2.30 ਤੋਂ 8.30 | ਸਾਰੇ ਗਰੁੱਪ |
| 3. | 05.10.2025 | ਐਤਵਾਰ | ਦਸਤਾਰ | ਦੁਪਹਿਰ 2.30 ਤੋਂ 8.30 | ਸਾਰੇ ਗਰੁੱਪ |
| 4. | 11.10.2025 | ਸ਼ਨਿੱਚਰਵਾਰ | ਵਾਰਤਾਲਾਪ | ਦੁਪਹਿਰ 2.30 ਤੋਂ 8.30 | ਸਾਰੇ ਗਰੁੱਪ |
| 5. | 12.10.2025 | ਐਤਵਾਰ | ਗੁਰਬਾਣੀ ਕੰਠ | ਸਵੇਰੇ 9.00 ਵਜੇ | ਸਾਰੇ ਗਰੁੱਪ |
| 6. | 18.10.2025 | ਸ਼ਨਿੱਚਰਵਾਰ | ਸ਼ਬਦ ਵੀਚਾਰ ਅਤੇ ਲੈਕਚਰ | ਦੁਪਹਿਰ 2.30 ਤੋਂ 5.30 | ਸਾਰੇ ਗਰੁੱਪ |
| 7. | 19.10.2025 | ਐਤਵਾਰ | ਪੰਜਾਬੀ ਭਾਸ਼ਾ ਦੀ ਜਾਣਕਾਰੀ | ਸਵੇਰੇ 9.00 ਵਜੇ | ਸਾਰੇ ਗਰੁੱਪ |
| | | | ਪ੍ਰਸ਼ਨੋਤਰੀ | ਦੁਪਹਿਰ 2.30 ਤੋਂ 8.30 | ਸਾਰੇ ਗਰੁੱਪ |

## 3. ਬਾਲ ਉਤਸਾਹਿਤ ਸਮਾਗਮਾਂ ਲਈ ਨਿਯਮ ਅਤੇ ਸ਼ਰਤਾਂ (ਜੋ ਧਿਆਨ ਨਾਲ ਪੜ੍ਹੀਆਂ ਜਾਣ):-

1. ਕੋਈ ਵੀ ਬੱਚਾ ਇੱਕ ਤੋਂ ਵੱਧ ਬਾਲ ਗੁਰਮਤਿ ਸਮਾਗਮਾਂ ਵਿੱਚ ਹਿੱਸਾ ਲੈ ਸਕਦਾ ਹੈ।
2. ਕਲਾਸ ਬਾਰੇ ਕਿਸੇ ਵੀ ਬੱਚੇ ਵੱਲੋਂ ਦਿੱਤੀ ਗਈ ਗਲਤ ਜਾਣਕਾਰੀ ਕਾਰਨ ਉਸਨੂੰ ਇਨਾਮ ਤੋਂ ਵਾਂਝਾ ਰੱਖਿਆ ਜਾ ਸਕਦਾ ਹੈ।
3. ਪਹਿਲੇ ਪੰਜ ਸਥਾਨਾਂ ਤੇ ਆਉਣ ਵਾਲੇ ਬੱਚਿਆਂ ਨੂੰ ਆਕਰਸ਼ਕ ਇਨਾਮ ਦਿੱਤੇ ਜਾਣਗੇ। **ਨਾਲ ਹੀ ਹਰੇਕ ਹਿੱਸਾ ਲੈਣ ਵਾਲੇ ਬੱਚੇ ਨੂੰ ਸਨਮਾਨ ਦਿੱਤਾ ਜਾਵੇਗਾ।**
4. ਜਿਸ ਸੰਸਥਾ ਦੇ ਸਭ ਤੋਂ ਵੱਧ ਬੱਚੇ ਹਿਸਾ ਲੈਣਗੇ ਅਤੇ ਜਿਸ ਸੰਸਥਾ ਦੇ ਬੱਚੇ ਸਭ ਤੋਂ ਵੱਧ ਇਨਾਮ ਪ੍ਰਾਪਤ ਕਰਨਗੇ ਉਨਾਂ ਸੰਸਥਾਵਾਂ ਦੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।

5. ਬੱਚਿਆਂ ਦੀ ਹਾਜ਼ਰੀ ਸਾਰੇ ਸੈਸ਼ਨ ਦੌਰਾਨ ਹੋਣੀ ਜ਼ਰੂਰੀ ਹੋਵੇਗੀ। ਸਾਰੇ ਪ੍ਰਤੀਯੋਗੀਆਂ ਲਈ ਪੰਥ ਪ੍ਰਵਾਨਿਤ ਪੁਸ਼ਾਕ ਪਹਿਨਣਾ ਜਰੂਰੀ ਹੈ।
6. ਮੌਕੇ ਦੀ ਸਿਲੈਕਸ਼ਨ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ।
7. ਪ੍ਰਸ਼ੋਨਤਰੀ ਅਤੇ ਵਾਰਤਾਲਾਪ ਵਿੱਚ ਪ੍ਰਤੀਯੋਗੀ ਆਪਣੇ ਨਾਲ ਆਪਣਾ ਸਾਥੀ ਆਪਣੇ ਤੋਂ ਛੋਟੀ ਉਮਰ ਦਾ ਜਾਂ ਛੋਟੀ ਕਲਾਸ ਦਾ ਬੱਚਾ ਲੈ ਸਕਦਾ ਹੈ, ਵੱਡਾ ਨਹੀਂ।
8. ਇਸ ਸਾਲ ਵਿਅਕਤੀਗਤ ਕੀਰਤਨ ਅਤੇ ਗਰੁੱਪ ਕੀਰਤਨ ਇਕੱਠਾ ਕੀਤਾ ਗਿਆ ਹੈ ਅਤੇ ਕੇਵਲ ਵਿਅਕਤੀਗਤ ਕੀਰਤਨ ਹੀ ਹੋਵੇਗਾ। ਕੀਰਤਨ ਕਰਨ ਵਾਲਾ ਬੱਚਾ ਆਪਣੇ ਨਾਲ ਤਬਲੇ ਵਾਸਤੇ ਆਪਣਾ ਸਾਥੀ ਕਿਸੇ ਵੱਡੇ ਨੂੰ ਵੀ ਲੈ ਸਕਦਾ ਹੈ।
9. ਹਰਮੋਨੀਅਮ ਅਤੇ ਜੋੜੀ ਵਿਚੋਂ ਘੱਟੋ-ਘੱਟ ਇੱਕ ਸਾਜ਼ ਕੀਰਤਨ ਕਰਨ ਵਾਲੇ ਬੱਚੇ ਵੱਲੋਂ ਵਜਾਉਣਾ ਜ਼ਰੂਰੀ ਹੈ।
10. ਅਲਾਪ ਅਤੇ ਤਾਨਾਂ ਸਵਰ (ਸਸਰੇਰੇਗਮ ਆਦਿ ਸਰਗਮਾਂ) ਵਿੱਚ ਨਹੀਂ ਲਗਾਈਆਂ ਜਾਣਗੀਆਂ। ਅਕਾਰ (ਆਆਆ..) ਵਿੱਚ ਪੜ੍ਹੀਆਂ ਜਾ ਸਕਦੀਆਂ ਹਨ। ਬੋਲ ਅਲਾਪ ਵੀ ਲਗਾਏ ਜਾ ਸਕਦੇ ਹਨ ਪ੍ਰੰਤੂ ਫਿਲਮੀ ਤਰਜ ਪ੍ਰਵਾਨ ਨਹੀਂ ਹੋਵੇਗੀ।
11. ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਵਾਲੇ ਬੱਚਿਆਂ ਨੂੰ ਵੱਧ ਨੰਬਰ ਮਿਲਦੇ ਹਨ ਅਤੇ ਕੀਰਤਨ ਨਿਰੋਲ ਗੁਰਬਾਣੀ ਵਿਚੋਂ ਹੀ ਹੋਣਾ ਚਾਹੀਦਾ ਹੈ।
12. ਸਾਰੇ ਗਰੁੱਪਾਂ ਲਈ ਵਿਅਕਤੀਗਤ ਕੀਰਤਨ ਲਈ ਸਮਾਂ 4 ਤੋਂ 6 ਮਿੰਟ ਹੋਵੇਗਾ।
13. ਲੈਕਚਰ ਲਈ ਗਰੁੱਪ ਨੰਬਰ 4,5,6 ਲਈ ਸਮਾਂ ਕ੍ਰਮਵਾਰ, 3 ਤੋਂ 5, 4 ਤੋ 6 ਅਤੇ 5 ਤੋਂ 7 ਮਿੰਟ ਹੋਵੇਗਾ। ਪਾਵਰ ਪੁਆਇੰਟ ਪ੍ਰੀਜੈਂਟੇਸ਼ਨ ਦੇ 05 ਵਾਧੂ ਨੰਬਰ ਹੋਣਗੇ। ਪੀ.ਪੀ.ਟੀ. ਵਿੱਚ ਗੁਰੂ ਸਾਹਿਬਾਨਾਂ ਦੀਆਂ ਮਨੋਕਲਪਿਤ ਫੋਟੋਆਂ ਨੂੰ ਸ਼ਾਮਲ ਨਾਂ ਕੀਤਾ ਜਾਵੇ।
14. ਕਵਿਤਾ ਪੇਸ਼ਕਾਰੀ ਲਈ ਗਰੁੱਪ ਨੰਬਰ 1,2,3,4,5,6 ਲਈ ਸਮਾਂ ਕ੍ਰਮਵਾਰ, 1 ਤੋਂ 2, 2 ਤੋਂ 3, 3 ਤੋਂ 4, 4 ਤੋਂ 5, 5 ਤੋਂ 6 ਅਤੇ 6 ਤੋਂ 7 ਮਿੰਟ ਹੋਵੇਗਾ।
15. ਦਸਤਾਰ ਸਜਾਉਣ ਲਈ ਸ਼ੀਸਾ ਅਤੇ ਸਲਾਈ ਆਦਿ ਆਪਣਾ ਲਿਆਉਣਾ ਹੋਵੇਗਾ। ਸਮਾਂ ਮੌਕੇ ਤੇ ਹੀ ਦੱਸਿਆ ਜਾਵੇਗਾ।
16. ਪੰਜਾਬੀ ਭਾਸ਼ਾ ਬਾਰੇ ਗਿਆਨ ਦੀ ਜਾਣਕਾਰੀ ਲਈ ਬੱਚਿਆਂ ਕੋਲੋ ਸਿਲੇਬਸ ਅਨੁਸਾਰ ਸੁਣਿਆ/ ਲਿਖਵਾ ਕੇ ਵੇਖਿਆ ਜਾਵੇਗਾ।
17. ਵਾਰਤਾਲਾਪ ਵਿੱਚ ਕੇਵਲ 2 ਤੋਂ 4 ਬੱਚੇ ਹੀ ਭਾਗ ਲੈ ਸਕਦੇ ਹਨ। ਗਰੁੱਪ 4 ਤੱਕ ਦਾ ਸਮਾਂ 5 ਤੋਂ 7 ਮਿੰਟ ਹੋਵੇਗਾ ਅਤੇ ਗਰੁੱਪ 5 ਅਤੇ 6 ਦਾ ਸਮਾਂ 5 ਤੋਂ 10 ਮਿੰਟ ਦਾ ਹੋਵੇਗਾ। ਵਾਰਤਾਲਾਪ ਲਈ ਇੱਕ ਟੀਮ ਵਿੱਚ ਆਏ ਬੱਚੇ ਦੂਸਰੀ ਟੀਮ ਵਿੱਚ ਸ਼ਾਮਲ ਨਹੀ ਹੋ ਸਕਣਗੇ।
18. ਵਾਰਤਾਲਾਪ ਅਤੇ ਪ੍ਰਸ਼ੋਨਤਰੀ ਲਈ ਪ੍ਰਤੀਯੋਗੀ ਵੱਲੋਂ ਆਨਲਾਈਨ ਫਾਰਮ ਵਿੱਚ ਆਪਣਾ ਵੇਰਵਾ ਅਤੇ ਸਾਥੀ ਬੱਚਿਆਂ ਦੇ ਵੇਰਵੇ ਵੀ ਦਿੱਤੇ ਜਾਣੇ ਹਨ। ਸਾਥੀ ਬੱਚਿਆਂ ਨੂੰ ਇਸ ਲਈ ਵੱਖਰਾ ਫਾਰਮ ਭੇਜਣ ਦੀ ਲੋੜ ਨਹੀਂ।
19. ਪ੍ਰਸ਼ੋਨਤਰੀ ਲਈ ਘੱਟੋ ਘੱਟ ਦੋ ਬੱਚਿਆਂ ਦਾ ਗਰੁੱਪ ਹੋਣਾ ਜ਼ਰੂਰੀ ਹੈ। ਲੇਕਿਨ ਜੇ ਉਸ ਬੱਚੇ ਕੋਲ ਆਪਣਾ ਸਾਥੀ ਨਹੀਂ ਤਾਂ ਉਹ ਇਕੱਲਾ ਵੀ ਪ੍ਰਫਾਰਮ ਕਰ ਸਕਦਾ ਹੈ। ਇੱਕ ਟੀਮ ਕੇਵਲ ਇੱਕ ਗਰੁੱਪ ਵਿੱਚ ਹੀ ਪ੍ਰਫਾਰਮ ਕਰ ਸਕੇਗੀ।
20. ਸਾਰੇ ਗਰੁੱਪਾਂ ਵਿੱਚ ਤਬਲਾ ਵਜਾਉਣ ਵਾਲੇ ਬੱਚਿਆਂ ਵਿੱਚੋਂ ਵੀ ਕੋਈ ਇਨਾਮ ਕੱਢਿਆ ਜਾ ਸਕਦਾ ਹੈ।

## 4. ਰਜਿਸਟ੍ਰੇਸ਼ਨ ਦਾ ਤਰੀਕਾ:

ਬਾਲ ਗੁਰਮਤਿ ਸਮਾਗਮ 2025 ਵਿੱਚ ਭਾਗ ਲੈਣ ਵਾਲੇ ਪ੍ਰਤੀਯੋਗੀਆਂ ਵੱਲੋਂ ਆਪਣੀ ਅਰਜ਼ੀ ਆਨਲਾਈਨ ਭੇਜੀ ਜਾਣੀ ਹੈ, ਜਿਸ ਵਾਸਤੇ ਗੁਰਦੁਆਰਾ ਸਾਹਿਬ ਦੀ ਇੰਟਰਨੈਟ ਵੈਬਸਾਈਟ www.ghksmohali.com ਤੇ ਵਿਜਟ ਕੀਤਾ ਜਾ ਸਕਦਾ ਹੈ। ਜਾਂ ਤੁਸੀਂ ਸਿੱਧੇ ਹੀ ਆਨਲਾਈਨ ਫਾਰਮ ਨੂੰ ਅਪਰੋਚ ਕਰ ਸਕਦੇ ਹੋ ਜਿਸਦਾ ਲਿੰਕ ਹੈ:- https://forms.gle/bgh95djkJFeiJr2i8 ਇਹ ਲਿੰਕ ਖੁੱਲਣ ਉਪਰੰਤ ਫਾਰਮ ਭਰਨ ਲਈ ਹਦਾਇਤਾਂ ਉਥੇ ਵੀ

ਦਿੱਤੀਆਂ ਹੋਈਆਂ ਹਨ। ਆਨਲਾਈਨ ਫਾਰਮ ਦੇ 4 ਸੈਕਸ਼ਨ ਹਨ।ਪਹਿਲੇ ਸੈਕਸ਼ਨ ਵਿੱਚ ਜਨਰਲ ਬੇਸਿਕ ਸੂਚਨਾ ਦਿੱਤੀ ਜਾਣੀ ਹੈ। ਦੂਸਰੇ ਸੈਕਸ਼ਨ ਵਿੱਚ ਪ੍ਰਤੀਯੋਗੀ ਵੱਲੋਂ ਜਿਹੜੇ ਜਿਹੜੇ ਈਵੈਂਟ ਵਿੱਚ ਭਾਗ ਲੈਣਾ ਹੈ, ਉਸ ਨੂੰ ਟਿੱਕ ਕੀਤਾ ਜਾਵੇਗਾ। ਤੀਸਰੇ ਸੈਕਸ਼ਨ ਵਿੱਚ ਕੇਵਲ ਉਹਨਾਂ ਪ੍ਰਤੀਯੋਗੀਆਂ ਵੱਲੋਂ ਆਪਣੇ ਸਾਥੀਆਂ ਦੇ ਨਾਮ ਦੱਸਣੇ ਹਨ, ਜਿੰਨਾਂ ਨੇ ਪ੍ਰਸ਼ੋਨਤਰੀ ਜਾਂ ਵਾਰਤਾਲਾਪ ਵਿੱਚ ਭਾਗ ਲੈਣਾ ਹੈ। ਪਹਿਲੇ ਸੈਕਸ਼ਨ ਵਿੱਚ ਲੋੜੀਂਦੇ ਵੇਰਵੇ ਭਰਨ ਉਪਰੰਤ ਹੀ ਦੂਸਰੇ ਸੈਕਸ਼ਨ ਵਿੱਚ ਜਾਇਆ ਜਾ ਸਕੇਗਾ। ਇਸੇ ਤਰਾਂ ਤੀਸਰੇ ਸੈਕਸ਼ਨ ਵਿੱਚ ਸੂਚਨਾ ਦਿੱਤੀ ਜਾਣੀ ਹੈ।ਆਨਲਾਈਨ ਅਪਲਾਈ ਕਰਦੇ ਸਮੇਂ ਆਪ ਜੀ ਵੱਲੋਂ ਦਿੱਤੇ ਗਏ ਮੋਬਾਈਲ ਨੰਬਰ ਤੇ ਗੁਰਦੁਆਰਾ ਸਾਹਿਬ ਵੱਲੋਂ ਰਜਿਸਟ੍ਰੇਸ਼ਨ ਨੰਬਰ ਦਾ ਮੈਸੇਜ ਭੇਜਣ ਦੀ ਕੋਸਿਸ਼ ਕੀਤੀ ਜਾਵੇਗੀ।

## 5. ਅਰਜੀ ਭੇਜਣ ਦੀ ਆਖਰੀ ਤਾਰੀਖ:

ਆਨ ਲਾਈਨ ਅਰਜ਼ੀਆਂ ਭੇਜਣ ਦੀ ਆਖਰੀ ਮਿਤੀ 25.09.2024 (ਰਾਤ 8.00 ਵਜੇ ਤੱਕ) ਹੋਵੇਗੀ। ਇਸ ਉਪਰੰਤ ਉਪਰੋਕਤ ਵੈਬਸਾਈਟ ਲਿੰਕ ਬੰਦ ਹੋ ਜਾਵੇਗਾ।ਇਸ ਕਰਕੇ ਆਖਰੀ ਮਿਤੀ ਦੀ ਉਡੀਕ ਨਾਂ ਕੀਤੀ ਜਾਵੇ ਕਿਉਂਜੋ ਅੰਤਮ ਦਿਨਾਂ ਵਿੱਚ ਇਸ ਲਿੰਕ ਤੇ ਰਸ਼ (Rush) ਹੋਣ ਦੀ ਸੰਭਾਵਨਾ ਹੋ ਸਕਦੀ ਹੈ।ਫਾਰਮ ਭਰਨ ਵਿੱਚ ਕਿਸੇ ਕਿਸਮ ਦੀ ਸਹਾਇਤਾ ਲਈ ਹੇਠਾਂ ਦਿੱਤੇ ਨੰਬਰਾਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਦੇ ਸਮੇਂ ਸੰਪਰਕ ਕੀਤਾ ਜਾ ਸਕਦਾ ਹੈ।

## 6. ਇਨਾਮ ਵੰਡ ਸਮਾਗਮ:

ਇਨਾਮ ਵੰਡ ਸਮਾਗਮ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮਿਤੀ 05.11.2025 ਦਿਨ ਬੁੱਧਵਾਰ ਨੂੰ ਸਵੇਰ ਦੇ ਦੀਵਾਨ ਵਿੱਚ ਗੁਰਦੁਆਰਾ ਹਰਿਚਰਣ ਕਮਲ ਸਾਹਿਬ, ਫੇਜ਼ 10, ਐਸ.ਏ.ਐਸ ਨਗਰ, ਮੋਹਾਲੀ ਵਿਖੇ ਹੋਵੇਗਾ। ਉਸ ਦਿਨ ਸਾਰੇ ਗਰੁੱਪਾਂ ਦੇ ਲੈਕਚਰ, ਕੀਰਤਨ ਅਤੇ ਕਵਿਤਾ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਬੱਚੇ ਸਵੇਰੇ 9.00 ਵਜੇ ਗੁਰਦੁਆਰਾ ਸਾਹਿਬ ਵਿਖੇ ਪਹੁੰਚਣਗੇ ਅਤੇ ਜੇਕਰ ਸਮਾਂ ਇਜਾਜਤ ਦਿੰਦਾ ਹੋਇਆ ਤਾਂ ਉਹ ਸਟੇਜ ਤੇ ਆਪਣੀ ਪ੍ਰਫਾਰਮੈਂਸ ਵੀ ਦੇਣਗੇ। ਜਿੰਨਾ ਬੱਚਿਆਂ ਦਾ ਨਾਮ ਇਸ ਸਨਮਾਨ ਵਾਲੀ ਲਿਸਟ ਵਿੱਚ ਸ਼ਾਮਲ ਨਹੀ ਹੋਵੇਗਾ ਪ੍ਰੰਤੂ ਉਸ ਵੱਲੋਂ ਕਿਸੇ ਵੀ ਈਵੈਂਟ ਵਿਚ ਭਾਗ ਲਿਆ ਹੋਵੇਗਾ, ਉਹਨਾਂ ਨੂੰ ਵੀ ਸਨਮਾਨਿਤ ਕਰਨ ਲਈ ਦਿਨ ਅਤੇ ਸਮਾਂ ਬਾਅਦ ਵਿੱਚ ਦੱਸਿਆ ਜਾਵੇਗਾ।

## 7. ਵੱਖ-ਵੱਖ ਈਵੈਂਟਸ ਲਈ ਲੋੜੀਂਦੀ ਸਹਾਇਤਾ ਲਈ ਸੰਪਰਕ:

ਕਿਸੇ ਬੱਚੇ ਨੂੰ ਜਾਂ ਮਾਤਾ ਪਿਤਾ ਜੀ ਨੂੰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਹੇਠ ਲਿਖੇ ਵੀਰਾਂ/ ਭੈਣਾਂ ਨਾਲ ਉਹਨਾਂ ਦੇ ਸਾਹਮਣੇ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ:

| ਲੜੀ ਨੰ: | ਈਵੈਂਟ ਦਾ ਨਾਮ | ਨਾਮੀਨੇਟ ਕੀਤੇ ਇੰਚਾਰਜ ਦਾ ਨਾਮ | ਮੋਬਾਈਲ ਨੰਬਰ |
|---|---|---|---|
| 1. | ਗੁਰਬਾਣੀ ਕੰਠ/ ਲੈਕਚਰ/ ਸ਼ਬਦ ਵੀਚਾਰ | ਡਾ. ਦਰਸ਼ਨਜੋਤ ਕੌਰ ਜੀ | 98157-19118 |
| 2. | ਕਵਿਤਾ | ਸ੍ਰ. ਅਜੈਬ ਸਿੰਘ ਜੀ | 90414-50879 |
| 3. | ਕੀਰਤਨ | ਸ੍ਰ. ਸਨਪ੍ਰੀਤ ਸਿੰਘ ਜੀ<br>ਮਿਸਿਜ਼ ਸੁਖੀਜਾ ਜੀ | 88724-29130<br>85580-14015 |
| 4. | ਪੰਜਾਬੀ ਭਾਸ਼ਾ / ਵਾਰਤਾਲਾਪ | ਸ੍ਰੀਮਤੀ ਜਸਵਿੰਦਰ ਕੌਰ ਜੀ<br>ਸ੍ਰੀਮਤੀ ਕਵਲਜੀਤ ਕੌਰ ਜੀ | 98727-42605<br>88721-37200 |
| 5. | ਦਸਤਾਰ | ਸ੍ਰ. ਹਰਪ੍ਰੀਤ ਸਿੰਘ ਜੀ | 87279-09525 |
| 6. | ਪ੍ਰਸਨੋਤਰੀ (Quiz) | ਸ. ਜੀਵਤੇਸ਼ ਸਿੰਘ ਜੀ<br>ਮਿਸਿਜ਼ ਭਵਨੀਤ ਕੌਰ ਜੀ | 86074-70000<br>80547-92237 |

## 8. ਜਨਰਲ ਜਾਣਕਾਰੀ:

ਸਾਰੇ ਸਮਾਗਮਾਂ ਵਾਲੇ ਦਿਨਾਂ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਅਰਜ਼ੀ ਭੇਜਣ ਲਈ ਅਤੇ ਹੋਰ ਕਿਸੇ ਤਰ੍ਹਾਂ ਦੀ ਵੀ ਜਨਰਲ ਸੂਚਨਾ ਪ੍ਰਾਪਤ ਕਰਨ ਲਈ ਸਰਵ/ਸ੍ਰੀ ਬਲਵਿੰਦਰ ਸਿੰਘ ਮੋਬਾਈਲ ਨੰਬਰ 98880-10933, ਨਿਰਮਲ ਸਿੰਘ ਮੋਬਾਈਲ ਨੰਬਰ 98145-28040 ਜਾਂ ਹਰਪ੍ਰੀਤ ਸਿੰਘ ਮੋਬਾਈਲ ਨੰਬਰ 99151-11000 ਨਾਲ ਸੰਪਰਕ ਕੀਤਾ ਜਾ ਸਕਦਾ ਹੈ।